# ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੂੰ. 35 ਤਹਿਤ ਸਥਾਪਤ)

ਡੀਨ ਕਾਲਜ ਵਿਕਾਸ ਕੌਂਸਲ

ਨੰਬਰ 250/3/ਕ

ਮਿਤੀ 18-8-22

ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ
ਕਾਲਜਾਂ ਦੇ ਚੇਅਰਮੈਨ/ਡਾਇਰੈਕਟਰ/ਪ੍ਰਿੰਸੀਪਲ
ਸਾਹਿਬਾਨਾਂ ਨੂੰ।

**ਵਿਸ਼ਾ:-** **ਅਧਿਆਪਨ ਅਮਲੇ ਦੀ ਇੰਟਰਵਿਊ/ਭਰਤੀ ਕਰਨ ਲਈ ਅਖ਼ਬਾਰਾਂ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਵਾਲੀ ਮਿਤੀ ਤੋਂ ਹੀ ਵੈੱਬਸਾਈਟ ਤੇ ਅੱਪਲੋਡ ਕਰਨ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਵੱਖ-ਵੱਖ ਕਾਲਜਾਂ ਦੇ ਅਧਿਆਪਨ ਅਮਲੇ ਦੀ ਇੰਟਰਵਿਊ/ਭਰਤੀ ਕਰਨ ਲਈ ਕਾਲਜਾਂ ਵੱਲੋਂ ਜੋ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਜਾਂਦਾ ਹੈ, ਉਸ ਵਿੱਚ ਉਮੀਦਵਾਰਾਂ ਨੂੰ ਪੋਰਟਲ **collegejobs.punjabiuniversity.ac.in** ਤੇ ਅਪਲਾਈ ਕਰਨ ਲਈ ਕਿਹਾ ਜਾਂਦਾ ਹੈ। ਪਰ ਵੇਖਣ ਵਿੱਚ ਆਇਆ ਹੈ ਕਿ ਕੁੱਝ ਕਾਲਜਾਂ ਵੱਲੋਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਕੁੱਝ ਦਿਨਾਂ ਬਾਅਦ ਉਕਤ ਪੋਰਟਲ ਤੇ ਅਧਿਆਪਨ ਅਮਲੇ ਦੀ ਇੰਟਰਵਿਊ/ਭਰਤੀ ਸਬੰਧੀ ਅਗਲੇਰੀ ਕਰਵਾਈ ਅਰੰਭ ਕੀਤੀ ਜਾਂਦੀ ਹੈ, ਜਿਸ ਕਾਰਨ ਉਮੀਦਵਾਰਾਂ ਨੂੰ ਅਪਲਾਈ ਕਰਨ ਲਈ 10 ਦਿਨਾਂ ਤੋਂ ਘੱਟ ਦਾ ਸਮਾਂ ਮਿਲਦਾ ਹੈ ਅਤੇ ਕਈ ਉਮੀਦਵਾਰ ਅਪਲਾਈ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਜਿਸ ਨਾਲ ਯੂਨੀਵਰਸਿਟੀ ਨਿਯਮਾਂ ਦੀ ਉਲੰਘਣਾ ਹੁੰਦੀ ਹੈ ਅਤੇ ਉਮੀਦਵਾਰਾਂ ਨੂੰ ਮੁਸ਼ਕਿਲ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਉਕਤ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਅਖ਼ਬਾਰਾਂ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਵਾਲੀ ਮਿਤੀ ਨੂੰ (ਭਾਵ ਉਸੇ ਦਿਨ) ਪੋਰਟਲ ਤੇ ਨੌਕਰੀਆਂ ਦੇ ਵੇਰਵੇ ਸਬੰਧੀ ਸਮੁੱਚੀ ਜਾਣਕਾਰੀ/ਦਸਤਾਵੇਜ਼ ਅੱਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ਼ਤਿਹਾਰ/ਅਖ਼ਬਾਰ ਵਿੱਚ ਦਰਜ ਸ਼ਰਤਾਂ ਅਨੁਸਾਰ ਹੀ ਉਮੀਦਵਾਰਾਂ ਨੂੰ ਅਪਲਾਈ ਕਰਨ ਲਈ ਨਿਰਧਾਰਿਤ ਸਮਾਂ ਮਿਲ ਸਕੇ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਗੁਰਪ੍ਰੀਤ ਸਿੰਘ
18/8/22

ਡੀਨ, ਕਾਲਜ ਵਿਕਾਸ ਕੌਂਸਲ